# ਪੰਜਾਬੀ ਨੁੱਕੜ ਨਾਟਕ ਦਾ ਥੰਮ੍ਹ—ਗੁਰਸ਼ਰਨ ਸਿੰਘ

*—ਚੰਦਰ ਅਦੀਬ*

ਪੰਜਾਬੀ ਸਾਹਿਤ ਖੇਤਰ ਵਿਚ ਗੁਰਸ਼ਰਨ ਸਿੰਘ ਦੀ ਨਿਵੇਕਲੀ ਪਛਾਣ ਹੈ। ਉਸ ਦੀ ਨਿਵੇਕਲੀ ਪਛਾਣ ਦਾ ਆਧਾਰ-ਸੂਤਰ ਉਸ ਦਾ ਇਕੋ ਸਮੇਂ ਨਾਟਕਕਾਰ, ਨਿਰਦੇਸ਼ਕ, ਅਦਾਕਾਰ, ਪ੍ਰਕਾਸ਼ਕ ਤੇ ਜੁਝਾਰੂ ਰੰਗਕਰਮੀ ਵਜੋਂ ਉੱਭਰ ਕੇ ਸਾਹਮਣੇ ਆਉਣਾ ਹੈ। ਜੁਝਾਰੂ ਰੰਗਕਰਮੀ ਤੋਂ ਭਾਵ ਉਸ ਨੇ ਉਨ੍ਹਾਂ ਦਿਨਾਂ ਵਿਚ ਨਾਟਕ ਪਿੰਡ-ਪਿੰਡ ਜਾ ਕੇ ਕੀਤੇ, ਜਿਨ੍ਹਾਂ ਦਿਨਾਂ ਵਿਚ ਲੋਕ ਦਹਿਸ਼ਤ/ਡਰ ਦੇ ਮਾਰੇ, ਸ਼ਾਮ ਨੂੰ ਹੀ ਆਪਣੇ ਘਰਾਂ ਅੰਦਰ ਵੜ ਕੇ ਸੌਂ ਜਾਂਦੇ ਸਨ। ਪੰਜਾਬ ਸੰਕਟ ਸਮੇਂ ਗੁਰਸ਼ਰਨ ਸਿੰਘ ਨੇ ਨਾਟਕ ਪੇਸ਼ ਕਰਕੇ ਆਪਣੇ 'ਜੁਝਾਰੂਪਣ' ਦਾ ਸਬੂਤ ਪੇਸ਼ ਕੀਤਾ।

ਸਾਹਿਤਕ ਖੇਤਰ ਵਿਚ 'ਬਲਰਾਜ ਸਾਹਨੀ ਪ੍ਰਕਾਸ਼ਨਾਂ' ਰਾਹੀਂ ਕਈ ਲੇਖਕਾਂ ਨੂੰ ਪਾਠਕਾਂ ਦੇ ਰੂਬਰੂ ਕਰਵਾਇਆ। ਪੰਜਾਬੀ ਨਾਟਕ ਨੂੰ ਰੰਗਮੰਚ ਦੀਆਂ ਤਕਨੀਕੀ-ਜੁਗਤਾਂ ਦੀ ਤੰਗ ਵਲਗਣ ਵਿਚੋਂ ਕੱਢਣ ਦਾ ਹਰ ਹੀਲਾ ਕੀਤਾ। ਇਸ ਦੇ ਨਾਲ ਹੀ ਪੰਜਾਬੀ ਨਾਟਕ ਰੰਗਮੰਚ ਨਾਲ ਹਰ ਆਮ/ਸਾਧਾਰਨ ਲੋਕ ਨੂੰ ਜੋੜਨ ਦੀ ਕੋਸ਼ਿਸ਼ ਉਮਰ ਦੇ ਅੰਤਲੇ ਪੜਾਅ ਤਕ ਜਾਰੀ ਰੱਖੀ। ਹੱਡ-ਭੰਨਵੀਂ ਮਿਹਨਤ ਕੀਤੀ। ਉਹ ਦੁਨੀਆ ਤੋਂ ਅਲਵਿਦਾ ਕਹਿਣ ਦੀਆਂ ਤਿਆਰੀਆਂ ਕਰ ਰਿਹਾ ਸੀ, ਲੋਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਤੇ ਉਸ ਦੇ ਨਾਟਕੀ ਪੇਸ਼ਕਾਰੀ ਦੀਆਂ ਤਿਆਰੀਆਂ ਵਿਚ ਜੁਟੇ ਹੋਏ ਸਨ। ਉਸ ਦੀ ਸੋਚ 'ਤੇ ਪਹਿਰਾ ਦੇਣ ਵਾਲਿਆਂ ਨੇ ਨਾਟਕ ਵੀ ਕੀਤੇ ਤੇ ਉਸ ਨੂੰ ਸ਼ਾਨੋ-ਸ਼ੌਕਤ ਨਾਲ ਵਿਦਾ ਵੀ ਕੀਤਾ ਗਿਆ।

ਗੁਰਸ਼ਰਨ ਸਿੰਘ ਨੇ ਨਾਟਕਾਂ ਵਿਚ ਆਮ ਜਨਤਾ ਨੂੰ ਪੇਸ਼ ਕਰਨ ਦੀ ਤਰਜੀਹ ਦਿੱਤੀ। ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਲਈ ਗੁਰਸ਼ਰਨ ਸਿੰਘ ਨੇ ਨਾਟਕ ਦੀ ਜ਼ੋਰਦਾਰ-ਧਾਰਦਾਰ ਵਿਧਾ 'ਨੁੱਕੜ ਨਾਟਕ' ਨੂੰ ਅਪਣਾਇਆ। ਜਿਸ ਦੇ ਮਾਧਿਅਮ ਰਾਹੀਂ ਲੋਕਾਂ ਦੀ ਜਕੜੀ ਹੋਈ ਮਾਨਸਿਕਤਾ ਨੂੰ ਹਲੂਨਣ ਦੀ ਕੋਸ਼ਿਸ਼ ਕੀਤੀ। ਉਹ ਬਹੁਤ ਹੱਦ ਤਕ ਇਸ ਵਿਧਾ ਰਾਹੀਂ ਆਪਣੇ ਸੁਨੇਹੇ ਨੂੰ ਲੋਕਾਂ ਤਕ ਪਹੁੰਚਾਉਣ ਵਿਚ ਕਾਮਯਾਬ ਵੀ ਹੋਇਆ 'ਤੇ ਸਮੇਂ ਦੀਆਂ ਸਰਕਾਰਾਂ ਨੂੰ ਵੀ ਪ੍ਰਭਾਵਿਤ ਕਰਨ ਵਿਚ ਸਫ਼ਲ ਰਿਹਾ। ਲੁਧਿਆਣੇ ਵਿਚ ਲੱਗੇ ਸ਼ਹੀਦ ਭਗਤ ਸਿੰਘ, ਰਾਜਗੁਰੂ,

ਸੁਖਦੇਵ ਦੇ ਬੁੱਤ ਗੁਰਸ਼ਰਨ ਸਿੰਘ ਦੀ ਹੀ ਦੇਣ ਹੈ। ਅੱਜ ਸਰਟੀਫਿਕੇਟਾਂ ਵਿਚ ਜੇਕਰ ਮਾਂ ਦਾ ਨਾਂ ਲਿਖਿਆ ਜਾਂਦਾ ਹੈ ਤਾਂ ਉਸ ਪਿੱਛੇ ਵੀ ਗੁਰਸ਼ਰਨ ਸਿੰਘ ਦਾ ਯੋਗਦਾਨ ਹੈ। ਇੰਜ ਉਸ ਦੇ ਨਾਟਕਾਂ ਵਿਚ ਇਕ ਤਾਕਤ ਹੈ, ਸ਼ਕਤੀ ਹੈ, ਜੋ ਸ਼ਾਇਦ ਪੰਜਾਬੀ ਨਾਟਕ ਖੇਤਰ ਵਿਚ ਉਸ ਹਿੱਸੇ ਹੀ ਆਈ ਹੈ।

ਉਸ ਦੇ ਨੁੱਕੜ ਨਾਟਕ ਨੂੰ 'ਥੜ੍ਹਾ ਥੀਏਟਰ', 'ਗੱਡਾ ਥੀਏਟਰ' ਆਦਿ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। 'ਨੁੱਕੜ ਨਾਟਕ' ਲਈ ਸਾਹਿਤ ਵਿਚ ਅਨੇਕਾਂ ਸ਼ਬਦਾਂ ਦਾ ਪ੍ਰਚਲਤ ਰਿਹਾ ਹੈ, ਜਿਵੇਂ—'ਸਟਰੀਟ ਥੀਏਟਰ', 'ਸਟਰੀਟ ਪਲੇ', 'ਨੁੱਕਰ ਨਾਟਕ', 'ਚੌਰਾਹਾ ਨਾਟਕ', 'ਸੱਥ ਨਾਟਕ', 'ਗਦਰ ਨਾਟਕ' ਆਦਿ। ਪੱਛਮ ਵਿਚ ਇਸ ਲਈ 'ਲੰਚ ਬਰੇਕ ਥੀਏਟਰ', 'ਲੰਚ ਟਾਈਮ ਥੀਏਟਰ' ਸ਼ਬਦਾਂ ਦੀ ਵਰਤੋਂ ਵੀ ਹੁੰਦੀ ਰਹੀ ਹੈ। ਪੰਜਾਬੀ ਸਾਹਿਤ ਵਿਚ ਇਸ ਲਈ 'ਨੁੱਕੜ ਨਾਟਕ' ਸ਼ਬਦ ਦੀ ਹੀ ਅਧਿਕਤਰ ਵਰਤੋਂ ਕੀਤੀ ਜਾਂਦੀ ਹੈ। ਡਾ. ਨਸੀਬ ਬਵੇਜਾ ਇਸ ਵਿਧਾ ਦੇ ਸੰਬੰਧੀ ਸਤੀਸ਼ ਕੁਮਾਰ ਵਰਮਾ ਦੇ ਹਵਾਲੇ ਨਾਲ ਲਿਖਦਾ ਹੈ—

> ਪੰਜਾਬੀ ਭਾਸ਼ਾ ਵਿਚ ਇਹ ਨੁੱਕੜ ਨਾਟਕ ਦੇ ਤੌਰ 'ਤੇ ਹੀ ਪਰਿਲਕਸ਼ਿਤ ਹੋਇਆ ਹੈ, ਹਾਲਾਂਕਿ ਪੰਜਾਬੀ ਵਿਚਲਾ ਸ਼ਬਦ 'ਨੁੱਕਰ' ਹੈ, ਜਦ ਕਿ ਹਿੰਦੀ ਵਿਚ 'ਨੁੱਕੜ'। ਸਾਨੂੰ ਉਵੇਂ ਹੀ ਨੁੱਕੜ ਨਾਟਕ ਨੂੰ ਸਵੀਕਾਰਨਾ ਚਾਹੀਦਾ ਹੈ ਜਿਵੇਂ ਕਿ ਹਿੰਦੀ ਭਾਸ਼ਾ ਵਿਚ 'ਲੋਕ' ਸ਼ਬਦ ਨੂੰ ਸਵੀਕਾਰ ਕੀਤਾ ਗਿਆ ਹੈ, ਵਿਸ਼ੇਸ਼ਕਰ ਲੋਕਗੀਤ ਜਾਂ ਲੋਕ-ਨਾਟ ਆਦਿ ਦੇ ਖੇਤਰ ਵਿਚ, ਜਦਕਿ ਹਿੰਦੀ ਵਿਚ ਸ਼ਬਦ 'ਲੋਗ' ਪ੍ਰਚਲਿਤ ਹੈ।

ਡਾ. ਰਾਜਿੰਦਰਪਾਲ ਸਿੰਘ ਇਸ ਲਈ 'ਨੁੱਕਰ ਨਾਟਕ' ਸ਼ਬਦ ਦੀ ਵਰਤੋਂ ਕਰਦੇ ਹੋਏ ਇਸ ਨੂੰ 'ਪ੍ਰਤੀਬੱਧਤਾ ਦਾ ਥੀਏਟਰ' ਮੰਨਦਾ ਹੈ। ਪ੍ਰਤੀਬੱਧਤਾ ਤੋਂ ਭਾਵ ਪਾਰਟੀ ਜਾਂ ਵਿਚਾਰਧਾਰਾ ਨਾਲ ਨਹੀਂ, ਸਗੋਂ ਕਿਸੇ ਵੀ ਸਮਾਜਿਕ ਮਹੱਤਵ ਵਾਲੇ ਉਦੇਸ਼ ਨਾਲ ਪ੍ਰਤੀਬੱਧ ਹੈ। ਨੁੱਕਰ ਨਾਟਕ ਲਿਖਣ ਪ੍ਰਸਤੁਤੀਕਰਣ ਵਿਚ ਪ੍ਰਤੀਬੱਧਤਾ ਇਕ ਕੰਮ ਵਾਂਗ ਕੰਮ ਕਰਦੀ ਹੈ। ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕ ਵੀ ਸਮਾਜਿਕ ਉਦੇਸ਼ ਦੀ ਪ੍ਰਤੀਬੱਧਤਾ ਦੀ ਹਾਮੀ ਭਰਦੇ ਹਨ। ਸਮਾਜ ਵਿਚ ਵਾਪਰਦੀ ਹਰ ਘਟਨਾ ਉਸ ਦੇ ਨਾਟਕਾਂ ਦਾ ਮਾਧਿਅਮ ਬਣਦੀ ਹੈ ਤੇ ਉਹ ਸਾਧਾਰਨ ਲੋਕਾਂ ਨੂੰ ਜਾਗਰੂਕ ਕਰਨ ਲਈ ਤਤਪਰ ਰਹਿੰਦਾ ਹੈ।

ਨੁੱਕੜ ਨਾਟਕ, ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਵਿਚ ਸਮਾਜ ਵਿਚ ਹਰ ਸਮਕਾਲੀ/ਵਕਤੀ, ਸਮੱਸਿਆ/ਘਟਨਾ ਨੂੰ ਆਧਾਰ ਬਣਾਇਆ ਜਾਂਦਾ ਹੈ। ਭਾਵੇਂ ਕਿ ਜਿਨ੍ਹਾਂ ਦਾ ਵਧੇਰੇ ਸੰਬੰਧ ਰਾਜਸੀ ਸਰੋਕਾਰਾਂ, ਵਿਵਸਥਾ/ਸਥਾਪਤੀ ਦੇ ਵਿਰੋਧ ਨਾਲ ਹੁੰਦਾ ਹੈ। ਸੋ ਇਸ ਵਿਚ ਨਾਟਕਕਾਰ, ਨਿਰਦੇਸ਼ਕ ਤਟ-ਫਟ ਸਿਰਜਣ ਦੀ ਪ੍ਰਕਿਰਿਆ ਤਹਿਤ ਇਸ ਦੀ (ਨੁੱਕੜ ਨਾਟਕ) ਸਿਰਜਣਾ ਕਰਦਾ ਹੈ। ਇੰਜ ਕਈ ਵਾਰ ਘਟਨਾ ਦੇ ਬੀਤ ਜਾਣ ਨਾਲ ਇਸ ਦਾ ਮਹੱਤਵ ਘੱਟ ਜਾਂਦਾ ਹੈ, ਪਰ ਫਿਰ ਵੀ

ਇਸ ਦੀ ਵਿਲੱਖਣ ਪਛਾਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਵਿਚ ਵਿਚਾਰਾਂ ਦੇ ਸੰਚਾਰ ਲਈ 'ਸੰਵਾਦ' ਅਹਿਮ ਭੂਮਿਕਾ ਨਿਭਾਉਂਦੇ ਹਨ। 'ਸੰਵਾਦ' ਵਿਚ 'ਕਾਵਿਕ ਅੰਸ਼ਾਂ' ਦੀ ਪ੍ਰਧਾਨਤਾ ਹੁੰਦੀ ਹੈ। ਜਿਸ ਕਰਕੇ ਇਸ ਵਿਚ ਲੋਕ-ਸਾਜ਼, ਲੋਕ-ਧੁਨਾਂ, ਲੋਕ-ਨਾਟ ਸ਼ੈਲੀਆਂ ਆਦਿ ਵੀ ਸ਼ਾਮਿਲ ਹੋ ਜਾਂਦੀਆਂ ਹਨ। ਇਸ ਦੀ ਪ੍ਰਸਤੁਤੀ ਲਈ ਕਿਸੇ ਵਿਸ਼ੇਸ਼ ਪ੍ਰਕਾਰ ਦੇ ਉੱਦਮ ਕਰਨ ਦੀ ਜ਼ਰੂਰਤ ਨਹੀਂ ਹੁੰਦੀ (ਵੇਸ਼ਭੂਸਾ, ਪਰਦੇ, ਮੰਚ ਸਮੱਗਰੀ ਆਦਿ) ਸਾਧਾਰਨ ਮੇਜ਼, ਕੁਰਸੀ, ਟੋਪੀ, ਡੰਡਾ ਆਦਿ ਦੀ ਵਰਤੋਂ ਹੀ ਸਹਾਇਕ ਹੁੰਦੀ ਹੈ। ਕਈ ਵਾਰ ਪ੍ਰਭਾਵ ਸਿਰਜਣ ਲਈ ਸਾਰੇ ਅਦਾਕਾਰਾਂ ਦਾ ਪਹਿਰਾਵਾ ਇਕੋ ਹੀ ਰੱਖ ਲਿਆ ਜਾਂਦਾ ਹੈ। ਪਰ ਇਹ ਕੋਈ ਲਾਜ਼ਮੀ ਸ਼ਰਤ ਨਹੀਂ ਹੈ। ਲੋਕਾਂ ਨਾਲ ਸਿੱਧਾ ਸੰਪਰਕ ਹੋਣ ਕਰਕੇ ਇਸ ਦਾ ਰੰਗਮੰਚ ਕੋਈ ਵੀ ਜਗ੍ਹਾ, ਗਲੀ, ਮੁਹੱਲਾ, ਚੌਰਾਹਾ, ਖੂੰਜਾ, ਧਰਮਸ਼ਾਲਾ, ਬੱਸ ਸਟੈਂਡ, ਵਿਹੜਾ, ਨੁੱਕਰ ਆਦਿ ਹੋ ਸਕਦੀ ਹੈ।

ਨੁੱਕੜ ਨਾਟਕ ਦੇ ਖੇਤਰ ਵਿਚ ਗੁਰਸ਼ਰਨ ਸਿੰਘ ਦਾ ਕੋਈ ਸਾਨੀ ਨਹੀਂ। ਉਹ ਨਾ ਕੇਵਲ ਪੰਜਾਬੀ ਨੁੱਕੜ ਨਾਟਕ ਦੇ ਮੋਹਰੀ ਵਜੋਂ ਸਵੀਕਾਰਿਆ ਜਾਂਦਾ ਹੈ, ਬਲਕਿ ਭਾਰਤੀ ਸਾਹਿਤ ਦੇ ਪ੍ਰਸੰਗ ਵਿਚ ਵੀ ਉਹ ਨੁੱਕੜ ਨਾਟਕ ਦੇ 'ਸਮਰਾਟ' ਵਜੋਂ ਸਥਾਪਿਤ ਹੈ। ਭੂਪਾਲ ਵਿਖੇ ਹੋਏ ਭਾਰਤੀ ਨੁੱਕੜ ਨਾਟਕ ਮੁਕਾਬਲਿਆਂ ਵਿਚੋਂ ਉਸ ਨੂੰ 'ਨੁੱਕੜ ਨਾਟਕ ਸਮਰਾਟ' ਐਲਾਨਿਆ ਗਿਆ। ਇਥੇ ਗੁਰਸ਼ਰਨ ਸਿੰਘ ਨੂੰ ਨੁੱਕੜ ਨਾਟਕ ਦੇ ਕੁਝ ਪਹਿਲੂਆਂ ਨੂੰ ਆਧਾਰ ਬਣਾ ਕੇ ਪਰਖਣ/ਵਾਚਣ ਦੀ ਛੋਟੀ ਜਿਹੀ ਕੋਸ਼ਿਸ਼ ਕਰਦੇ ਹਾਂ, ਜੋ ਉਸ ਨੂੰ ਸਮਰਾਟ ਬਣਾਉਣ ਲਈ ਕਾਰਗਰ ਹਨ।

ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟ-ਖੇਤਰ ਵਿਚ ਕਰੀਬ ਦੋ ਸੌ ਨਾਟਕਾਂ ਦੀ ਸਿਰਜਣਾ ਕੀਤੀ, ਜਿਨ੍ਹਾਂ ਵਿਚ ਕੇਵਲ ਧਾਲੀਵਾਲ ਨੇ ਕਰੜੀ ਘਾਲਣਾ ਕਰਕੇ ਗੁਰਸ਼ਰਨ ਸਿੰਘ ਦੇ 170 ਨਾਟਕਾਂ ਨੂੰ ਸੱਤ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ, ਬਾਕੀ ਰਹਿ ਗਏ ਨਾਟਕਾਂ ਸੰਬੰਧੀ ਉਸ ਦੀ ਖੋਜ ਜਾਰੀ ਹੈ। ਇਸੇ ਤਰ੍ਹਾਂ ਹੀ ਉਸ ਨੇ ਗੁਰਸ਼ਰਨ ਸਿੰਘ ਤੇ ਸਮੇਂ-ਸਮੇਂ ਲੇਖਾਂ, ਖੋਜ-ਪੱਤਰਾਂ, ਮੁਲਾਕਾਤਾਂ ਆਦਿ ਨੂੰ ਵੀ ਸਾਂਭਣਯੋਗ ਕਾਰਜ ਕੀਤਾ ਹੈ।

ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਇਕ ਅਹਿਮ ਪ੍ਰਾਪਤੀ ਇਹ ਵੀ ਹੈ ਕਿ ਉਹ ਇਕੋ ਸਮੇਂ ਮੰਚੀ ਪੇਸ਼ਕਾਰੀ 'ਤੇ ਵੀ ਖਰੇ ਉਤਰਦੇ ਹਨ ਤੇ ਨੁੱਕੜ ਨਾਟਕ ਵਜੋਂ ਵੀ ਕਾਮਯਾਬ ਹਨ। ਉਸ ਦੇ ਚਰਚਿਤ ਨੁੱਕੜ ਨਾਟਕਾਂ ਵਿਚੋਂ 'ਬਾਬਾ ਬੋਲਦਾ ਹੈ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਭੰਡ ਕਨੇਡਾ ਆਏ', 'ਭੰਡ ਮਟਕਾ ਚੌਂਕ ਆਏ', 'ਕਰਫ਼ਿਊ', 'ਜੰਗੀ ਰਾਮ ਦੀ ਹਵੇਲੀ', 'ਨਿੱਕਰ ਰਾਜ', ਰਾਜ ਸਾਹਬਾਂ ਦਾ', 'ਸਮਾਜ', 'ਲਾਰੇ', 'ਜਾਗ੍ਰਿਤੀ', 'ਬੁੱਤ ਜਾਗ ਪਿਆ', 'ਇਨਕਲਾਬ ਜ਼ਿੰਦਾਬਾਦ', 'ਕੋਲਾਜ ਤੇਰਾ ਨਾਂ ਪੰਜਾਬ' ਆਦਿ।

ਨੁੱਕੜ ਨਾਟਕ ਦੀ ਪਹਿਲੀ ਸ਼ਰਤ ਇਹ ਹੈ ਕਿ ਉਹ ਸਮਕਾਲ/ਤਤਕਾਲ ਨਾਲ

ਸੰਬੰਧਤ ਹੈ। ਇਸ ਵਿਚ ਉਸ ਹਰ ਘਟਨਾ ਨੂੰ ਆਧਾਰ ਬਣਾਇਆ ਜਾਂਦਾ ਹੈ, ਜਿਨ੍ਹਾਂ ਦਾ ਵਧੇਰੇ ਸੰਬੰਧ ਰਾਜਸੀ ਸਰੋਕਾਰਾਂ, ਵਿਵਸਥਾ/ਸਥਾਪਤੀ ਵਿਰੋਧ ਨਾਲ ਹੁੰਦਾ ਹੈ। ਇੰਜ ਉਹ ਘਟਨਾ/ਸਮੱਸਿਆ ਵੀ ਇਸ ਦਾ ਆਧਾਰ ਬਣਦੀ ਹੈ, ਜੋ ਇਸ ਸਮਾਜੀ ਜੀਵਨ ਨੂੰ ਬੇਸੁਰਾ, ਬੇਢੱਬਾ, ਬੇਰੁਖਾ ਬਣਾਉਂਦੀ ਹੈ। ਇਸ ਵਿਚ ਤਟਫਟ ਸਿਰਜਣ ਦੀ ਪ੍ਰਕਿਰਿਆ ਤਹਿਤ ਇਸ ਦੀ ਸਕ੍ਰਿਪਟ ਤਿਆਰ ਕਰਕੇ ਇਸ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਕਈ ਵਾਰ ਪ੍ਰਪੱਕ ਅਦਾਕਾਰ ਆਪਸ ਵਿਚ ਹੀ ਵਿਚਾਰ-ਵਟਾਂਦਰਾ ਕਰਕੇ ਭਾਵਾਂ ਦੇ ਸੰਚਾਰ ਲਈ ਬਿਨਾਂ ਸਕ੍ਰਿਪਟ ਤਿਆਰ ਕੀਤੇ ਹੀ, ਨੁੱਕੜ ਨਾਟਕ ਖੇਡ ਦਿੰਦੇ ਹਨ। ਸਮਾਜ ਵਿਚ ਵਾਪਰਦੀ ਹਰ ਨਿੱਕੀ ਤੋਂ ਨਿੱਕੀ ਘਟਨਾ ਤੇ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੀ ਘਟਨਾ ਇਸ ਦਾ ਵਿਸ਼ਾ ਹੋ ਸਕਦੀ ਹੈ। ਪਿੱਛੇ ਜਿਹੇ ਹੋਏ 'ਅੰਨਾ ਅੰਦੋਲਨ' ਤੇ ਅਨੇਕਾਂ ਨੁੱਕੜ ਨਾਟਕ ਖੇਡੇ ਗਏ। ਗੁਰਸ਼ਰਨ ਸਿੰਘ ਬਾਰੇ ਤਾਂ ਇਹ ਆਮ ਕਿਹਾ ਜਾਂਦਾ ਹੈ ਕਿ ਉਹ ਅਖ਼ਬਾਰਾਂ ਦੀਆਂ ਕਾਤਰਾਂ, ਖ਼ਬਰਾਂ ਤੋਂ ਨੁੱਕੜ ਨਾਟਕ ਬਣਾਉਣ ਦੀ ਸਮਰੱਥਾ ਰੱਖਦਾ ਹੈ। ਦਰਅਸਲ ਗੁਰਸ਼ਰਨ ਸਿੰਘ ਲੋਕਾਂ ਦੇ ਅੰਦਰਲੇ ਮਨ ਨੂੰ ਫਰੋਲ ਕੇ ਨੁੱਕੜ ਨਾਟਕਾਂ ਦੀ ਸਿਰਜਣਾ ਕੀਤੀ। ਉਸ ਦੀ ਨੁੱਕੜ-ਨਾਟਕ ਪ੍ਰਤੀ ਇਕ ਪੱਕੀ ਪੀਡੀ 'ਪ੍ਰਤਿਬੱਧਤਾ' ਸੀ। ਇਸ ਸੰਬੰਧੀ ਉਸ ਦਾ ਨਿੱਜੀ ਮਤ ਹੈ :—

> ਰੰਗਮੰਚ ਸਮਾਜ ਪ੍ਰਤੀ ਵਚਨਬੱਧਤਾ ਹੁੰਦਾ ਹੈ, ਇਸ ਲਈ ਇਹ ਕੇਵਲ ਕੁਲੀਨ ਵਰਗ ਲਈ ਨਹੀਂ ਹੋਣਾ ਚਾਹੀਦਾ। ਰੰਗਮੰਚ ਨੂੰ ਲੋਕਾਂ ਤਕ ਪਹੁੰਚਣਾ ਚਾਹੀਦਾ ਹੈ। ਇਸ ਕਰਕੇ ਗਲੀਆਂ ਦਾ ਨਾਟਕ ਢੁਕਵਾਂ ਰੰਗਮੰਚ ਹੈ।

ਉਸ ਦੇ ਨਾਟਕਾਂ ਵਿਚ 'ਲੋਕ' ਦੀ ਪ੍ਰਮੁੱਖਤਾ ਹੈ। ਉਸ ਦਾ ਥੀਏਟਰ ਲੋਕਾਂ ਦਾ ਥੀਏਟਰ ਹੋ ਨਿਬੜਦਾ ਹੈ। ਉਹ ਆਪਣੇ ਸਥਾਪਨਾ ਵਿਰੋਧੀ ਸੁਨੇਹੇ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣ ਵਿਚ ਯਕੀਨ ਕਰਦਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦਾ ਕੋਈ ਵਿਰਲਾ ਪਿੰਡ/ਇਲਾਕਾ ਹੋਵੇਗਾ, ਜਿਥੇ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਪੇਸ਼ਕਾਰੀ ਨਾ ਹੋਈ ਹੋਵੇ। ਉਸ ਨੇ ਇਹ ਇਕ ਨਿਵੇਕਲੀ ਮੌਲਿਕ ਸ਼ੈਲੀ ਦੀ ਸਿਰਜਣਾ ਕੀਤੀ, ਜਿਸ ਵਿਚ 'ਗੱਡੇ' ਵੀ ਉਸ ਦੀ ਮੰਚ ਸ਼ੈਲੀ ਦਾ ਅੰਗ ਬਣੇ, ਉਸ ਨੇ ਤਕਨੀਕੀ ਸਹੂਲਤਾਂ ਨੂੰ ਤਿਲਾਂਜਲੀ ਦੇ ਕੇ ਲੋਕਾਂ ਨੂੰ ਆਪਣੀ ਸੋਚ ਨਾਲ ਜੋੜਨ ਦਾ ਹਰ ਉਹ ਤਰੀਕਾ ਨਾਟਕਾਂ ਵਿਚ ਅਪਣਾਇਆ, ਜੋ ਉਸ ਨੂੰ ਠੀਕ ਜਾਪਿਆ। ਅਜਮੇਰ ਔਲਖ ਉਸ ਦੀ ਅਜਿਹੀ ਸ਼ੈਲੀ ਬਾਰੇ ਲਿਖਦਾ ਹੈ :—

> ਮੰਚ ਥੜਿਆਂ ਦਾ ਇਹ ਹਾਲ ਕਿ ਕਈ ਵਾਰ ਗੱਡਿਆਂ ਨੂੰ ਸਟੇਜ ਬਣਾਉਣਾ ਪੈਂਦਾ। ਦਰਸ਼ਕ ਕਿਤੇ ਸਾਹਮਣੇ ਡੂੰਘੇ ਟੋਏ ਵਿਚ ਬੈਠੇ ਹਨ, ਕਿਤੇ ਕੱਚੇ ਕੋਠਿਆਂ ਉੱਤੇ, ਕਿਤੇ ਨੇੜੇ ਦੇ ਦਰਖ਼ਤਾਂ ਉੱਤੇ ਅਤੇ ਕਿਤੇ ਪਿੰਡ ਦੀਆਂ ਰੂੜੀਆਂ ਉੱਤੇ। ਅਜਿਹੀ ਰੰਗਮੰਚੀ ਵਿਰੋਧੀ ਸਥਿਤੀਆਂ

ਦਾ ਸਾਹਮਣਾ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਪਰ ਗੁਰਸ਼ਰਨ ਸਿੰਘ ਨੇ ਆਪਣੀ ਹੀ ਇਕ ਮੌਲਿਕ ਰੰਗ-ਸ਼ੈਲੀ ਦੀ ਸਿਰਜਣਾ ਕਰਕੇ ਇਸ ਅਣਹੋਣੀ ਨੂੰ 'ਹੋਣੀ' ਕਰ ਵਿਖਾਇਆ।

ਇਸ ਦੇ ਨਾਲ ਹੀ ਉਸ ਨੇ ਆਪਣੇ ਨੁੱਕੜ ਨਾਟਕਾਂ ਵਿਚ ਵਿਸ਼ੇ ਪੱਧਰ 'ਤੇ ਇਕ ਵਿਸ਼ਾਲ ਕੈਨਵਸ ਤਿਆਰ ਕੀਤਾ, ਜਿਸ ਵਿਚ ਸਮਾਜਿਕ ਕੁਰੀਤੀਆਂ ਖ਼ਿਲਾਫ਼ (ਅਨਪੜ੍ਹਤਾ, ਬੇਰੁਜ਼ਗਾਰੀ, ਗ਼ਰੀਬੀ, ਜਾਤ-ਪਾਤ, ਅਨਿਆਂ, ਨਾ-ਬਰਾਬਰੀ, ਬਿਮਾਰੀਆਂ, ਅਨੁਸਾਸ਼ਣਹੀਣਤਾ, ਔਰਤ ਜਾਤ ਪ੍ਰਤੀ ਵਿਤਕਰਾ, ਪਾਖੰਡਵਾਦ, ਧਾਰਮਿਕ ਕੱਟੜਤਾ/ਸੰਕੀਰਣਤਾ ਆਦਿ) ਜ਼ੋਰਦਾਰ ਆਵਾਜ਼ ਉਠਾਈ। ਇਸ ਵਿਚ ਉਸ ਰਾਜਸੀ ਘਟਨਾਵਾਂ ਨੂੰ ਵੀ ਸ਼ਾਮਿਲ ਕੀਤਾ, ਜੋ ਸਮਾਜੀ-ਵਿਵਸਥਾ ਵਿਰੁੱਧ ਸੀ। ਰਾਜਸੀ ਘਟਨਾ ਪ੍ਰਤੀ ਫੌਰੀ ਪ੍ਰਤੀਕਰਮ ਉਸ ਦੇ ਨੁੱਕੜ ਨਾਟਕਾਂ ਦਾ ਅਹਿਮ ਲੱਛਣ ਹੈ। ਉਸ ਦੇ ਨਾਟਕ ਸਿਆਸਤ 'ਤੇ ਚੋਟ ਕਰਦੇ ਹਨ, ਸੱਤਾ ਪਰਿਵਰਤਨ ਦਾ ਸੰਦੇਸ਼ ਦਿੰਦੇ ਹਨ, ਸੰਘਰਸ਼ ਲਈ ਪ੍ਰੇਰਦੇ ਹਨ, ਜੋ ਸਮਾਂ ਪਾ ਕੇ ਕ੍ਰਾਂਤੀਕਾਰੀਆਂ ਦਾ ਵੀ ਮਾਰਗ-ਦਰਸ਼ਨ ਕਰਦੇ ਹਨ। 23 ਅਕਤੂਬਰ 2011 ਨੂੰ ਮੋਗਾ ਵਿਖੇ ਹੋਏ ਇਕੱਠ ਵਿਚੋਂ ਇਸ ਦੀ ਝਲਕ ਦਾ ਨਮੂਨਾ ਦੇਖਿਆ ਜਾ ਸਕਦਾ ਹੈ।

ਗੁਰਸ਼ਰਨ ਸਿੰਘ ਬੇਬਾਕ, ਬੇਖ਼ੌਫ਼, ਜ਼ੋਰਦਾਰ/ਧੜੱਲੇਦਾਰ ਸ਼ਬਦਾਵਲੀ ਵਿਚ ਰਾਜਸੀ-ਪ੍ਰਬੰਧ ਦਾ ਪਰਦਾਫਾਸ਼ ਕਰਦਾ ਹੈ। ਅਜਿਹਾ ਕਰਦੇ ਸਮੇਂ ਉਹ ਨੇਤਾਵਾਂ ਦੇ ਪ੍ਰਤੱਖ ਨਾਵਾਂ ਤੇ ਘਟਨਾਵਾਂ ਦੇ ਹਵਾਲੇ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਅਜਿਹਾ ਕਾਰਜ ਸ਼ਾਇਦ ਗੁਰਸ਼ਰਨ ਸਿੰਘ ਦੇ ਹਿੱਸੇ ਹੀ ਆਇਆ ਹੈ। 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਬਾਬਾ ਬੋਲਦਾ ਹੈ', 'ਕਰਫ਼ਿਊ', 'ਮੈਂ ਉਗਰਵਾਦੀ ਨਹੀਂ ਹਾਂ', 'ਜੰਗੀ ਰਾਮ ਦੀ ਹਵੇਲੀ', 'ਇਨਕਲਾਬ ਜ਼ਿੰਦਾਬਾਦ' ਆਦਿ ਇਸ ਦੀ ਉਦਾਹਰਣ ਹਨ। ਪੰਜਾਬ ਦੇ ਪ੍ਰਸੰਗ ਵਿਚ 'ਚੰਡੀਗੜ੍ਹ' ਨੂੰ ਪੱਥਰਾਂ ਦਾ ਸ਼ਹਿਰ ਤੇ ਪੁਆੜੇ ਦੀ ਜੜ੍ਹ ਮੰਨਦਾ ਹੈ। ਸਮਾਜ ਵਿਚ ਪਨਪੀ ਅਖੌਤੀ ਰਾਜਨੀਤੀ, ਫਿਰਕਾਪ੍ਰਸਤੀ/ਜਾਤ-ਪਾਤ, ਸੰਬੰਧੀ ਗੜ੍ਹਕਵੇਂ ਰੂਪ ਵਿਚ 'ਬਾਬਾ ਬੋਲਦਾ ਹੈ' ਰਾਜਨੇਤਾਵਾਂ 'ਤੇ ਚੋਟ ਕਰਦਾ ਹੈ :—

> ਬਾਬਾ : 1964 ਬਾਪ ਮਰਿਆ ਸੀ, ਧੀ ਗੱਦੀ 'ਤੇ ਬੈਠੀ ਸੀ...1984 ਮਾਂ ਮਰੀ ਏ...ਪੁੱਤ ਗੱਦੀ 'ਤੇ ਬੈਠਾ ਏ...ਸੱਤਰ ਕਰੋੜ ਲੋਕ...ਇਕੋ ਖਾਨਦਾਨ ਰਾਜ...ਬਾਕੀ ਸਾਰੇ ਫੋਕ ਦੇ ਫੋਕ। (ਬਾਬਾ ਬੋਲਦਾ ਹੈ।)

ਐਮਰਜੰਸੀ, ਪੰਜਾਬ ਸੰਕਟ ਸਮੇਂ ਨੂੰ ਵੀ ਉਸ ਨੇ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ। ਹਿੰਦੂ-ਸਿੱਖ-ਮੁਸਲਮਾਨਾਂ ਦੇ ਆਪਸੀ ਸੰਬੰਧਾਂ ਦੀ ਪੇਸ਼ਕਾਰੀ ਵੀ ਉਸ ਦੇ ਨਾਟਕਾਂ ਦਾ ਵਿਸ਼ਾ ਬਣਦੀ ਹੈ। 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਨਾਟਕ ਦੀ ਸ਼ੁਰੂਆਤ ਵਿਚ ਉਹ ਲਿਖਦਾ ਹੈ—"ਇਸ ਸ਼ਹਿਰ ਦੇ ਬਦਲੇ ਪੰਜਾਬ, ਹਰਿਆਣੇ ਅਤੇ ਹਿੰਦੂ-ਸਿੱਖਾਂ ਵਿਚ ਜਿਹੜੀ ਤ੍ਰੇੜ ਪਈ ਹੈ, ਉਸ ਦੀ ਪੀੜ ਇਸ ਨਾਟਕ ਵਿਚ ਖ਼ਿਆਲੀ ਗਈ ਹੈ।"

ਇੰਜ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਪੇਸ਼ਕਾਰੀ ਤਟਫਟ ਤੇ 'ਐਕਸ਼ਨ' 'ਚ ਹੈ।

ਨੁੱਕੜ ਨਾਟਕ ਵਿਚ ਗਤੀਸ਼ੀਲਤਾ ਬਰਕਰਾਰ ਰੱਖਣ ਲਈ, ਇਸ ਵਿਚ ਸਮੇਂ, ਸਥਾਨ, ਸੰਖੇਪਤਾ ਦਾ ਵੀ ਧਿਆਨ ਉਚੇਚੇ ਤੌਰ 'ਤੇ ਰੱਖਿਆ ਜਾਂਦਾ ਹੈ, ਕਿਉਂਕਿ ਇਸ ਦਾ ਦਰਸ਼ਕ ਰਾਹ ਜਾਂਦਾ ਕੋਈ ਵੀ ਪਾਂਧੀ ਹੋ ਸਕਦਾ ਹੈ। ਸੋ ਦਰਸ਼ਕਾਂ ਵਿਚ ਉਤੇਜਨਾ ਬਣਾਈ ਰੱਖਣ ਲਈ ਉਤੇਜਕ ਸੰਵਾਦ ਵੀ ਸਿਰਜਣੇ ਪੈਂਦੇ ਹਨ। ਲੋਕਾਂ ਨਾਲ ਸਿੱਧਾ ਸੰਪਰਕ ਹੋਣ ਕਰਕੇ 'ਉੱਚੀ ਸੁਰ' ਦਾ ਪ੍ਰਯੋਗ ਕਰਨਾ ਪੈਂਦਾ ਹੈ। ਇਸ ਲਈ ਨੁੱਕੜ ਨਾਟਕ ਵਿਚ ਭਾਸ਼ਾ ਇਕ ਹਥਿਆਰ ਵਜੋਂ ਕਾਰਜ ਕਰਦੀ ਹੈ। ਇਸ ਵਿਚ ਭਾਸ਼ਣ ਸ਼ੈਲੀ ਦੀ ਵਰਤੋਂ ਵੀ ਗੁਰਸ਼ਰਨ ਸਿੰਘ ਕਰਦਾ ਹੈ। ਇਸ ਨੂੰ ਕਈ ਵਿਦਵਾਨ ਢੁਕਵਾਂ ਨਹੀਂ ਮੰਨਦੇ, ਪਰ ਉਹ ਇਸ ਸੰਬੰਧੀ ਆਪਣੀ ਅੱਡਰੀ ਰਾਇ ਰੱਖਦਾ ਹੈ :—

> ਲੋਕ ਮੇਰੇ ਨਾਟਕਾਂ ਵਿਚ ਭਾਸ਼ਣ ਦਾ ਦੂਸ਼ਣ ਲਾਂਦੇ ਨੇ ਤਾਂ ਲਾਂਦੇ ਪੈਣ, ਮੈਂ ਇਨ੍ਹਾਂ ਦੀ ਪਰਵਾਹ ਨਹੀਂ ਕਰਦਾ। ਮੈਂ ਆਪਣੇ ਮੰਤਵ ਨੂੰ ਸਪੱਸ਼ਟ ਕਰਦਾ ਹਾਂ। ਕੋਈ ਓਹਲਾ ਜਾਂ ਸੰਕੇਤਾਂ ਵਿਚ ਗੱਲ ਨਹੀਂ ਕਰਦਾ।

ਉਹ ਆਪਣੇ ਉਦੇਸ਼/ਟੀਚੇ ਪ੍ਰਤੀ ਸੁਚੇਤ ਹੈ। ਉਹ ਇਸ ਨੂੰ (ਭਾਸ਼ਣ) ਵੀ ਨੁੱਕੜ ਨਾਟਕ ਵਿਚ ਇਕ ਜੁਗਤ ਵਜੋਂ ਵਰਤਦਾ ਹੈ :—

> ਬਾਬਾ : ਮੈਂ ਇਹੋ ਕਵਿਤਾ ਚਾਹੁੰਦਾ ਹਾਂ ਕਿ ਸਮਾਂ ਹੁਣ ਆ ਗਿਆ ਹੈ ਕਿ ਸਿਆਸਤ ਵਿਚ ਇਹ ਵੱਖ ਪੰਥ ਵਾਲਾ ਰਟਨ ਛੱਡੋ ਅਤੇ ਦੇਸ਼ ਦੀ ਮੁੱਖ ਧਾਰਾ ਵੀਹਵੀਂ ਸਦੀ ਦੀ ਸੂਝ ਨਾਲ ਵਿਚਰੋ ਤੇ ਇਹ ਸਿਆਸਤ ਧਰਮਾਂ ਦੀ ਨਹੀਂ, ਜਮਾਤਾਂ ਦੀ ਐ। (ਬਾਬਾ ਬੋਲਦਾ ਹੈ)

ਇਸ ਭਾਸ਼ਣੀ ਰੂਪ ਵਿਚ ਉਹ ਨੇਤਾ ਵਜੋਂ ਨਹੀਂ, ਬਲਕਿ ਇਕ ਰੰਗਕਰਮੀ ਵਜੋਂ ਸਾਹਮਣੇ ਆਉਂਦਾ ਹੈ। ਉਹ ਆਪਣੀ ਸੰਬੋਧਨੀ ਸ਼ੈਲੀ ਰਾਹੀਂ ਦ੍ਰਿਸ਼ ਸਿਰਜਣ ਦੀ ਜੁਗਤ ਵੀ ਜਾਣਦਾ ਹੈ, ਜਿਵੇਂ 'ਕੋਲਾਜ ਤੇਰਾ ਨਾਂ ਪੰਜਾਬ' ਵਿਚ ਉਹ ਦਰਸ਼ਕਾਂ ਨੂੰ ਸੰਬੋਧਿਤ ਹੋ ਕੇ ਦ੍ਰਿਸ਼ ਸਿਰਜਦਾ ਹੈ :—

> ਤੁਹਾਨੂੰ ਲੈ ਚੱਲਦੇ ਹਾਂ ਬਾਬਿਆਂ ਦੇ ਡੇਰੇ 'ਤੇ...ਇਹ ਬਾਬੇ ਗੁਰੂ ਕੀ ਲਾਡਲੀ ਫ਼ੌਜ ਹਨ—ਦੀਵਾਲੀ, ਵਿਸਾਖੀ ਇਹ ਘੋੜਿਆਂ ਤੇ ਜਲੂਸ ਕੱਢਦੇ ਹਨ ਤੇ ਬਾਕੀ ਸਮਾਂ ਆਪਣੇ ਡੇਰਿਆਂ 'ਚ ਕੱਟਦੇ ਹਨ। ਇਨ੍ਹਾਂ ਨੂੰ ਨਾਮ ਦੀ ਖ਼ੁਮਾਰੀ ਵੀ ਹੈ ਤੇ ਸੁੱਖੇ ਦੀ ਖ਼ੁਮਾਰੀ ਵੀ।

ਸੰਬੋਧਨੀ ਸ਼ੈਲੀ ਵੀ ਉਸ ਦੇ ਨੁੱਕੜ-ਨਾਟਕਾਂ ਦੀ ਜੁਗਤ ਹੈ। ਸੂਤਰਧਾਰ ਉਸ ਦੇ ਨੁੱਕੜ ਨਾਟਕਾਂ ਦੀ ਮੁੱਖ ਚੂਲ ਹੈ, ਸੂਤਰਧਾਰ ਤੋਂ ਬਿਨਾਂ ਉਸ ਦੇ ਨਾਟਕ ਅਧੂਰੇ ਹਨ। ਸੂਤਰਧਾਰ ਦੇ ਨਾਲ-ਨਾਲ ਕੋਰਸ/ਸਮੂਹਗਾਣ, ਪਿੱਠਵਰਤੀ ਆਵਾਜ਼ਾਂ, ਗੀਤ/ਸੰਗੀਤ ਆਦਿ ਦੀ ਵਰਤੋਂ ਉਸ ਦੇ ਨੁੱਕੜ ਨਾਟਕ ਦੀਆਂ ਮਹੱਤਵਪੂਰਨ ਜੁਗਤਾਂ ਹਨ।

ਗੁਰਸ਼ਰਨ ਸਿੰਘ ਸੂਤਰਧਾਰ ਤੋਂ ਅਨੇਕਾਂ ਕਾਰਜ ਲੈਣ ਦੀ ਮੁਹਾਰਤ ਰੱਖਦਾ ਹੈ, ਜਿਵੇਂ ਸੂਤਰਧਾਰ ਤੋਂ ਨਾਟਕ ਦੀ ਜਾਣਕਾਰੀ ਦੇਣ ਦਾ ਕਾਰਜ :—

> ਇਹ ਹੈ ਕੋਲਾਜ, ਜਿਸ ਦਾ ਨਾਂ ਹੈ ਪੰਜਾਬ...ਇਹ ਹੈ ਸੰਤਾਪ ਜੋ ਅਸੀਂ

ਭੋਗਿਆ ਤੇ ਉਸ ਦੀ ਕਹਾਣੀ ਸ਼ੁਰੂ ਕਰਦੇ ਹਾਂ।

ਦ੍ਰਿਸ਼ ਸਿਰਜਣ ਦੀ ਮੁਹਾਰਤ, ਜੋ ਕਿ ਉਪਰੋਕਤ ਸੰਬੋਧਨੀ ਸ਼ੈਲੀ ਵਿਚੋਂ ਵੀ ਦੇਖੀ ਜਾ ਸਕਦੀ ਹੈ।

ਅਮੂਰਤ ਪਾਤਰਾਂ ਦੀ ਸਿਰਜਣਾ ਵੀ ਸਟੇਜ ਪਿੱਛੇ ਆਵਾਜ਼ਾਂ, ਗੀਤ ਦੇ ਮਾਧਿਅਮ ਰਾਹੀਂ ਸੂਤਰਧਾਰ ਨਿਭਾਉਂਦਾ ਹੈ :—

ਚੰਡੀਗੜ੍ਹ ਕੀ ਬੀਤਿਆ ਗੋਲਵੜ੍ਹ
ਹਾਂ ਹਾਂ ਕੀ ਬੀਤਿਆ ਗੋਲਵੜ੍ਹ
ਕੁਝ ਬਿਜਲੀ ਕਾਮੇ ਘਰੋਂ ਆਏ
ਦਫ਼ਤਰ ਦੇ ਅਫ਼ਸਰਾਂ ਕੰਮਾਂ 'ਤੇ ਲਾਏ
ਕੁਝ ਸਿੱਖ ਕੁਝ ਹਿੰਦੂ ਮਾਵਾਂ ਦੇ ਜਾਏ

ਪਾਤਰ ਦੀ ਸੂਤਰਧਾਰ ਦੀ ਭੂਮਿਕਾ ਨਿਭਾਉਂਦੇ ਹਨ। ਕੋਈ ਪਾਤਰ ਆਪਣੀ ਭੂਮਿਕਾ ਵਿਚ ਵੀ ਨਜ਼ਰ ਆਉਂਦਾ ਹੈ ਤੇ ਸੂਤਰਧਾਰ ਵਜੋਂ ਵੀ :—

ਸੁਖਦੇਵ : ਮੇਰੇ ਦਰਸ਼ਕ ਵੀਰੋ...ਹੁਣ ਸਾਧ-ਸੰਗਤ ਤੋਂ ਬਦਲ ਕੇ ਫੇਰ ਨਾਟਕ ਦੇ ਦਰਸ਼ਕ ਬਣ ਜਾਉ। ਮੈਂ ਆਪਣੀ ਕਹਾਣੀ ਅੱਗੇ ਸ਼ੁਰੂ ਕਰਦਾ ਹਾਂ। (ਮੈਂ ਉਗਰਵਾਦੀ ਨਹੀਂ)

ਇੰਜ ਹੀ ਕੋਰਸ, ਗੀਤ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ ਦੀ ਹੋਰ ਜੁਗਤ ਹੈ, ਜਿਵੇਂ 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਵਿਚਲਾ ਕੋਰਸ, 'ਕਰਫ਼ਿਊ' ਨੁੱਕੜ ਨਾਟਕ ਵਿਚ ਲੋਕ-ਸ਼ੈਲੀ ਨੂੰ ਅਪਣਾਉਂਦੇ ਹੋਏ ਇਕ ਲੰਮੇ ਗੀਤ ਦੀ ਸਿਰਜਣਾ ਰਾਹੀਂ ਦੇਸ਼ ਦੀ ਰਾਜਨੀਤੀ ਸਥਿਤੀ, ਘਟਨਾਵਾਂ ਦਾ ਹਵਾਲਾ ਦੇ ਕੇ ਵਿਅੰਗ ਕੀਤਾ ਹੈ। ਵਿਅੰਗ ਵੀ ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ ਦੀ ਜੁਗਤ ਹੈ। 'ਕਰਫ਼ਿਊ' ਵਿਚੋਂ ਉਦਾਹਰਣ ਪੇਸ਼ ਹੈ :—

ਸੰਨ ਅਠੱਤਰ ਚੜ੍ਹਿਆ—ਕਰਫ਼ਿਊ
ਸਿੱਖ ਨਿਰੰਕਾਰੀ ਲੜ ਪਏ—ਕਰਫ਼ਿਊ
ਗੋਲੀ ਚੱਲ ਪਈ—ਕਰਫ਼ਿਊ
ਸੋਲ੍ਹਾਂ ਥਾਂ ਸਿਰ ਮਰ ਗਏ—ਕਰਫ਼ਿਊ
ਬਦਲੇ ਦਾ ਚੱਕਰ ਚੱਲਿਆ—ਕਰਫ਼ਿਊ

ਲੋਕ ਨਾਟ-ਜੁਗਤਾਂ ਵੀ ਨੁੱਕੜ ਨਾਟਕ ਦਾ ਅੰਗ ਹਨ। ਜਿਸ ਵਿਚ ਲੋਕਧਾਰਾਈ ਵੇਰਵਿਆਂ (ਨਕਲ, ਤਮਾਸ਼ਾ, ਭੰਡ ਆਦਿ) ਲੋਕ ਸਾਜ਼ (ਢੋਲਕੀ, ਚਿਮਟਾ, ਖੜਤਾਲਾਂ), ਲੋਕ-ਧੁਨਾਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਲੋਕ ਭਾਸ਼ਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ ਵਿਚ ਇਹ ਸਭ ਗੁਣ ਮੌਜੂਦ ਹਨ। ਭੰਡ ਸ਼ੈਲੀ ਉਸ ਨੂੰ ਵਧੇਰੇ ਰਾਸ ਆਉਂਦੀ ਹੈ। ਲੋਕ-ਨਾਟ ਜੁਗਤਾਂ ਉਸ ਦੇ ਨੁੱਕੜ ਨਾਟਕ—ਤਿੰਨ ਸਵਾਲ, ਭੰਡ ਕਨੇਡਾ ਆਏ, ਭੰਡ ਮਟਕਾ

ਚਚੌਂਕ ਆਏ, ਇਹ ਲਹੂ ਕਿਸ ਦਾ ਹੈ, ਜੰਗੀ ਰਾਮ ਦੀ ਹਵੇਲੀ ਆਦਿ ਵਿਚੋਂ ਦੇਖੀਆਂ ਜਾ ਸਕਦੀਆਂ ਹਨ।

ਭੰਡ ਸ਼ੈਲੀ :—

ਮੁੰਡਾ : ਬਾਪੂ ਤੂੰ ਪ੍ਰਧਾਨ ਮੰਤਰੀ ਬਣ ਗਿਆ ?

ਬਾਪੂ : ਬਣ ਗਿਆ...(ਦੋ ਤਿੰਨ ਵਾਰ)

ਮੁੰਡਾ : ਹੁਣ ਮਰ ਜਾ।

ਬਾਪੂ : ਦੁਰ ਫਿਟੇ ਮੂੰਹ...ਪਿਉ ਨੂੰ ਕਹਿੰਦਾ ਏ ਮਰ ਜਾ।

ਮੁੰਡਾ : ਬਾਪੂ ਤੂੰ ਮਰੇਂਗਾ ਤਾਂ ਮੈਂ ਪ੍ਰਧਾਨ ਮੰਤਰੀ ਬਣਾਂਗਾ।

ਲੋਕ ਸਾਜ਼ ਤੇ ਲੋਕ ਧੁਨਾਂ ਰਾਹੀਂ :—

ਢੰਡੋਰੇ ਵਾਲਾ : ਸੁਣੋ...ਸੁਣੋ...ਹੁਕਮ ਬਾਦਸ਼ਾਹ ਦਾ, ਖ਼ਲਕਤ ਖ਼ੁਦਾ ਦੀ...ਐਲਾਨ ਸਰਕਾਰ ਦਾ। ਸਾਰੇ ਆਮ ਤੇ ਖ਼ਾਸ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਦੇਸ਼ ਵਿਚ ਅਨਾਜ ਦੀ ਕਮੀ ਐ...ਦੇਸ਼ ਵਿਚ ਸੰਕਟ ਹੈ। ਏਸ ਲਈ ਸੰਕਟ ਨੂੰ ਹੱਲ ਕਰਨ ਲਈ ਇਹ ਸੋਚਿਆ ਗਿਆ ਹੈ ਕਿ ਸੱਠ ਸਾਲ ਤੋਂ ਉੱਤੇ ਜਿਹੜੇ ਬੁੱਢੇ-ਬੁੱਢੀਆਂ ਨੇ ਉਨ੍ਹਾਂ ਨੂੰ ਜੰਗਲਾਂ ਵਿਚ ਭੇਜ ਦਿਉ।

ਲੋਕ-ਬੋਲੀਆਂ ਨੂੰ ਵੀ ਆਪਣੀ ਸ਼ੈਲੀ ਵਿਚ ਰੂਪਾਂਤਰਣ ਕਰਨ ਦੀ ਜੁਗਤ ਗੁਰਸ਼ਰਨ ਸਿੰਘ ਕੋਲ ਹੈ :—

ਆਰੀ ਆਰੀ ਆਰੀ
ਸ਼ਹਿਰ ਚੰਡੀਗੜ੍ਹ ਦੀ
ਨਾਲ ਵੱਡਿਆਂ ਦੇ ਸਰਦਾਰੀ
ਵੱਡੇ ਲੋਕ ਕਿੰਝ ਬਣਦੇ
ਇਹ ਖਾਂਦੇ ਨੇ ਮਾਲ ਸਰਕਾਰੀ
ਮਾਲ ਲੋਕੋ ਕਿਥੋਂ ਆਉਂਦਾ
ਛਿੱਲ ਲਹਿੰਦੀ ਤੁਸਾਂ ਦੀ ਭਾਰੀ
ਮਾਲ ਲੋਕੋ ਕਿਥੋਂ ਆਉਂਦਾ
ਭਾਰੀ ਭਾਰੀ ਭਾਰੀ
ਸ਼ਹਿਰ ਚੰਡੀਗੜ੍ਹ ਦੀ
ਨਾਲ ਵੱਡਿਆਂ ਦੇ ਯਾਰੀ

ਲੋਕਾਂ ਨਾਲ ਸਿੱਧਾ ਸੰਪਰਕ ਹੋਣ ਕਰਕੇ ਆਮ ਲੋਕਾਂ ਦੀ ਭਾਸ਼ਾ ਨੂੰ ਹੀ ਗੁਰਸ਼ਰਨ ਸਿੰਘ ਨੇ ਤਰਜੀਹ ਦਿੱਤੀ। ਕਿਤੇ-ਕਿਤੇ ਆਮ ਸਮਝ ਆ ਜਾਣ ਵਾਲੇ ਸ਼ਬਦ (ਅੰਗਰੇਜ਼ੀ) ਦੀ ਵਰਤੋਂ ਵੀ ਕਰ ਲਈ ਹੈ। ਪਲੈਨਿੰਗ, ਹਿੱਟ ਲਿਸਟ, ਲੀਡਰ, ਰਿਜਰਵ ਆਦਿ।

ਨੁੱਕੜ ਨਾਟਕ ਜੋ ਕਿ ਗੋਲ ਦਾਇਰੇ ਦੀ ਵਿਧੀ ਰਾਹੀਂ ਲੋਕਾਂ ਵਿਚ ਖੇਡਿਆ ਜਾਂਦਾ ਹੈ। ਇਸ ਲਈ ਇਸ ਵਿਚ ਦਰਸ਼ਕ ਤੇ ਅਦਾਕਾਰ ਦੀ ਆਪਸ ਵਿਚ ਬਹੁਤ ਨੇੜਤਾ ਹੁੰਦੀ ਹੈ। ਘੱਟ ਸਮੇਂ ਵਿਚ ਵਧੇਰੇ ਸੰਦੇਸ਼ ਦੇਣਾ ਹੁੰਦਾ ਹੈ। ਇਸ ਲਈ ਕਈ ਵਾਰ ਇਕੋ ਪਾਤਰ (ਅਦਾਕਾਰ) ਕਈ-ਕਈ ਭੂਮਿਕਾਵਾਂ ਨਿਭਾਉਂਦਾ ਹੈ। ਗੁਰਸ਼ਰਨ ਸਿੰਘ ਤਾਂ ਇਕ-ਇਕ ਅਦਾਕਾਰ ਤੋਂ ਦੋ-ਦੋ, ਤਿੰਨ-ਤਿੰਨ ਪਾਤਰਾਂ ਦੀ ਭੂਮਿਕਾ ਨਿਭਾਉਣ ਵਾਲੀ ਕਲਾ ਜਾਣਦਾ ਹੈ। ਉਹ ਪਾਤਰਾਂ ਦੇ ਨਾਂ ਵੀ 1, 2, 3, 4 ਜਾਂ ੳ, ਅ, ੲ, ਸ ਆਦਿ ਦੇ ਤੌਰ 'ਤੇ ਰੱਖਦਾ ਹੈ।

ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ ਦੀ ਇਕ ਹੋਰ ਉੱਘੜਵੀਂ ਵਿਸ਼ੇਸ਼ਤਾ ਹੈ ਕਿ ਉਹ ਮੂਕ ਅਭਿਨੈ ਸ਼ੈਲੀ ਪਾਤਰਾਂ ਨੂੰ ਨਾਟਕ ਦੇ ਅਖ਼ੀਰ 'ਤੇ ਫਰੀਜ/ਸਟਿੱਲ ਕਰਨ ਦੀ ਵਿਧੀ ਪ੍ਰਯੋਗ ਵਿਚ ਲਿਆਉਂਦਾ ਹੈ। ਉਸ ਦੇ ਲਗਭਗ ਸਾਰੇ ਨਾਟਕ ਹੀ ਗੀਤ/ਸੰਗੀਤਕ ਕਾਵਿਕ ਅੰਦਾਜ਼ ਦੀ ਧੁਨ ਵਿਚ ਖ਼ਤਮ ਹੁੰਦੇ ਹਨ ਤੇ ਅਦਾਕਾਰ ਸਟਿੱਲ/ਫਰੀਜ ਹੋ ਜਾਂਦੇ ਹਨ :—

ਜਾਗ ਪਏ ਧਰਤੀ ਦੇ ਪੁੱਤ ਸਾਰੇ
ਸਾਂਝਾਂ ਨਵੀਆਂ ਉਨ੍ਹਾਂ ਨੇ ਪਾਈਆਂ ਨੇ
ਰਾਜ ਆਪਣੀ ਧਰਤੀ 'ਤੇ ਹੈ ਆਪ ਕਰਨਾ
ਆਸਾਂ ਨਵੀਆਂ ਉਨ੍ਹਾਂ ਨੇ ਲਾਈਆਂ ਨੇ।
(ਇਕ ਖ਼ਾਸ ਜੋਸ਼ ਵਾਲੀ ਮੁਦਰਾ ਵਿਚ ਫਰੀਜ਼ ਹੁੰਦੇ ਹਨ। ਗੀਤ ਦੀ ਲੈਅ ਤੇਜ਼ ਹੁੰਦੀ ਹੈ। ਨਾਟਕ ਸਮਾਪਤ ਹੁੰਦਾ ਹੈ।)

(ਰਾਜ ਸਾਹਬਾਂ ਦਾ)

ਪੰਜਾਬੀ ਮਾਨਸਿਕਤਾ ਵਿਚ ਇਸ਼ਾਰੇ/ਪ੍ਰਤੀਕ ਨਾਲ ਕੀਤੀ ਗੱਲ ਸਾਰਥਕ ਹੁੰਦੀ ਹੈ। ਉਂਜ ਤਾਂ ਗੁਰਸ਼ਰਨ ਸਿੰਘ ਨੇ ਬੇਖ਼ੌਫ਼ ਸਿੱਧੀ-ਸਪਾਟ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਪਰ ਫਿਰ ਵੀ 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਇੱਜ਼ਤਦਾਰ ਮੰਗਤੇ', 'ਲਾਲਾ ਜੀ', 'ਰਾਜ ਸਾਹਬਾਂ ਦਾ', 'ਪਲੈਨਿੰਗ', 'ਕਾਕੇ', 'ਰੱਖੜੀ' ਆਦਿ ਬੜੇ ਢੁਕਵੇਂ ਪ੍ਰਤੀਕ ਹਨ।

ਗੁਰਸ਼ਰਨ ਸਿੰਘ ਕੋਲ ਇਤਿਹਾਸ ਨੂੰ ਸਮਕਾਲ ਵਿਚ ਰੂਪਾਂਤਰਣ ਕਰਨ ਦੀ ਕਲਾ ਵੀ ਹੈ। ਗੁਰ ਸਾਹਿਬਾਨਾਂ ਨਾਲ ਸੰਬੰਧਤ ਨਾਟਕ ਇਸ ਦੀ ਪ੍ਰਤੀਨਿਧ ਮਿਸਾਲ ਹਨ। ਜਿਨ੍ਹਾਂ ਵਿਚ ਅਧਿਆਤਮ ਦੀ ਥਾਂ ਲੋਕਾਈ ਦੀ ਗੱਲ ਹੈ। 'ਇਹ ਲਹੂ ਕਿਸ ਦਾ ਹੈ' ਮਹੱਤਵਪੂਰਨ ਨੁੱਕੜ ਨਾਟਕ ਹੈ। ਹੋਰਨਾਂ ਨਾਟਕਕਾਰਾਂ ਦੇ ਨਾਟਕ ਖੇਡਣੇ, ਨਾਵਲ/ਕਹਾਣੀ ਤੋਂ ਰੂਪਾਂਤਰਣ ਕਰਨ ਦੀ ਕਲਾ ਵੀ ਗੁਰਸ਼ਰਨ ਸਿੰਘ ਨੂੰ ਆਉਂਦੀ ਹੈ। ਮੱਧਕਾਲੀ ਦੁੱਲੇ ਭੱਟੀ ਦੀ ਕਥਾ ਆਧਾਰਿਤ ਨਾਟਕ 'ਧਮਕ ਨਗਾਰੇ ਦੀ' ਚੇਤਨਾ-ਜਾਗ੍ਰਤੀ ਦੇ ਪ੍ਰਤੀਕ ਵਜੋਂ ਹੈ। ਇੰਜ ਉਸ ਦੇ ਨਾਟਕ ਇਤਿਹਾਸ ਦੀ ਤਸਵੀਰ ਵੀ ਪੇਸ਼ ਕਰਦੇ ਹਨ, ਅਨੇਕਾਂ ਹੋਰ ਪਹਿਲੂ ਹਨ।

ਪੰਜਾਬੀ ਨੁੱਕੜ ਨਾਟਕ ਦਾ ਜਿਥੋਂ ਤਕ ਸੰਬੰਧ ਹੈ, ਇਸ ਵਿਚ ਵੱਖ-ਵੱਖ ਯੂਨੀਵਰਸਿਟੀਆਂ ਦੇ ਨਾਟਕੀ ਵਿਭਾਗ, ਪਿੰਡ/ਸ਼ਹਿਰ ਪੱਧਰ ਦੀਆਂ ਨਾਟ-ਮੰਡਲੀਆਂ, ਸ਼ੌਕੀਆ ਰੰਗਕਰਮੀ ਆਦਿ ਆਪਣੀ-ਆਪਣੀ ਥਾਂ ਆਪਣੀ ਭੂਮਿਕਾ ਨਿਭਾ ਰਹੇ ਹਨ, ਪਰ ਇਨ੍ਹਾਂ ਨੂੰ ਲਿਖਤੀ ਰੂਪ ਵਿਚ ਸਾਂਭਣ ਦਾ ਕਾਰਜ 'ਮੰਚਣ' ਨੇ ਕੀਤਾ ਸੀ ਜਾਂ ਫਿਰ 'ਰੰਗਸੰਗ' ਤੋਂ ਉਮੀਦ ਕਰਨੀ ਬਣਦੀ ਹੈ। ਪਰ ਕੇਵਲ ਧਾਲੀਵਾਲ ਨੇ ਗੁਰਸ਼ਰਨ ਸਿੰਘ ਦੇ ਜੀਉਂਦੇ ਜੀ ਹੀ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਕੇ ਇਕ ਵੱਡਾ ਮਾਅਰਕਾ ਮਾਰ ਲਿਆ ਹੈ।

ਇਹ ਗੁਰਸ਼ਰਨ ਸਿੰਘ ਦਾ ਲੋਕਾਂ ਨਾਲ ਸਿੱਧੇ ਸੰਬੰਧ ਦਾ ਹੀ ਸਬੂਤ ਹੈ ਕਿ (ਬਲਕਿ ਪਰਿਵਾਰਕ) ਉਸ ਨੂੰ 'ਭਾਅ ਜੀ' ਕਹਿ ਕੇ ਸੰਬੋਧਤ ਕੀਤਾ ਜਾਂਦਾ ਹੈ। 'ਭਾਅ' ਪੰਜਾਬੀ ਸਮਾਜ ਵਿਚ ਭਰਾ-ਪਿਉ ਦਾ ਦਰਜਾ ਰੱਖਦਾ ਹੈ। ਪੰਜਾਬੀ ਨਾਟਕ ਖੇਤਰ ਵਿਚ ਵੀ ਉਸ ਦਾ ਦਰਜਾ ਰੰਗਕਰਮੀਆਂ, ਕ੍ਰਾਂਤੀਕਾਰੀਆਂ ਲਈ ਭਰਾ-ਪਿਉ ਦਾ ਹਮੇਸ਼ਾ ਹੀ ਬਣਿਆ ਰਹੇਗਾ। ਮੋਗੇ ਵਿਚ ਪੁੱਜੇ ਲੋਕਾਂ ਦੇ ਹਜੂਮ ਵਿਚ ਵਿਦਿਆਰਥੀ, ਕਿਸਾਨ, ਔਰਤਾਂ, ਕ੍ਰਾਂਤੀਕਾਰੀ, ਬੁੱਧੀਜੀਵੀ, ਸਾਹਿਤਕਾਰ, ਪ੍ਰਕਾਸ਼ਕ, ਰੰਗਕਰਮੀ (ਪੰਜਾਬੋਂ ਬਾਹਰ ਤੋਂ ਪਹੁੰਚੇ ਵੀ) ਮਾਰਕਸੀ ਸੋਚ ਦੇ ਹਾਮੀ, ਆਦਿ ਗੱਲ ਦੀ ਹਰੇਕ ਬੱਚੇ-ਬੁੱਢੇ ਦੇ ਮੂੰਹੋਂ ਇਹ ਨਾਅਰੇ ਗੂੰਜੇ—

- ਭਾਅ ਤੇਰੀ ਸੋਚ 'ਤੇ
  ਪਹਿਰਾ ਦਿਆਂਗੇ ਠੋਕ ਕੇ
- ਲਾਲ ਸਲਾਮ, ਲਾਲ ਸਲਾਮ
  ਗੁਰਸ਼ਰਨ ਭਾਅ ਅਮਰ ਰਹੇ

ਅਜਮੇਰ ਔਲਖ ਵਰਗੇ ਗੜਕਵੀਂ ਆਵਾਜ਼ ਵਿਚ ਗੁਰਸ਼ਰਨ ਭਾਅ ਦੇ ਥੜ੍ਹੇ ਥੀਏਟਰ ਦੇ ਗੁਣ ਦੱਸ ਰਹੇ ਸਨ, ਧੀ ਅਰੀਤ ਨੁੱਕੜ ਨਾਟਕ 'ਜੰਗੀ ਰਾਮ ਦੀ ਹਵੇਲੀ' ਦੀਆਂ ਬਾਤਾਂ ਪਾ ਰਹੀ ਸੀ, ਇਕੱਤਰ, ਅਨੀਤਾ ਸ਼ਬਦੀਸ਼, ਸੈਮੂਅਲ ਵਰਗੇ ਵੱਡੇ ਪਰਦੇ ਦੇ ਅਦਾਕਾਰ ਭਾਅ ਦੀ ਸੋਚ 'ਤੇ ਕੋਰੀਓਗ੍ਰਾਫੀਆਂ ਕਰ ਰਹੇ ਸਨ, ਸਾਹਿਬ ਸਿੰਘ, ਕੇਵਲ ਧਾਲੀਵਾਲ ਪ੍ਰਕਾਸ਼ਕ ਸਟਾਲਾਂ 'ਤੇ ਜਾ ਕੇ ਪਾਠਕਾਂ ਨੂੰ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰ ਰਹੇ ਸਨ, ਸ਼ਬਦੀਸ਼ ਭਾਅ ਦੀਆਂ ਡਾਕੂਮੈਂਟਰੀਆਂ ਤੇ ਤਸਵੀਰ ਪ੍ਰਦਰਸ਼ਨੀ ਵਿਚ ਮਸਤ ਸੀ, ਖੁੱਲ੍ਹੇ ਲੰਗਰ ਚੱਲ ਰਹੇ ਸਨ, ਭਗਤ ਸਿੰਘ ਦੇ ਭਾਣਜੇ ਜਗਮੋਹਨ, ਦਿੱਲੀ ਵਿਦਿਆਰਥੀ ਯੂਨੀਅਨ ਦੇ ਬੁਲਾਰੇ, ਹਿਮਾਸ਼ੂ ਵਰਗੇ ਅਨੇਕਾਂ ਬੁਲਾਰੇ ਉਸ ਦੇ ਨੁੱਕੜ ਨਾਟਕਾਂ ਦੇ ਹਵਾਲੇ ਨਾਲ ਸੰਵਾਦ ਰਚਾ ਰਹੇ ਸਨ।

ਇਸ ਤੋਂ ਵੱਡੀ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਕੀ ਕੋਈ ਮਿਸਾਲ ਹੈ...ਨਿਸ਼ਚੇ ਹੀ ਉਹ 'ਲੋਕ ਨਾਟਕਕਾਰ' ਹੈ।